# PUNJAB INSTITUTE OF TECHNOLOGY

Near ITI Chowk, Rajpura.

(A Constituent College of Maharaja Ranjit Singh Punjab Technical University, Bathinda, Established by Govt. of Punjab vide Punjab Act No. 5 of 2015 under section 2(F) of UGC Act)

Ref. No /PITR/2024/1375

Dated 11.12.2024

## ਕੰਟੀਨ ਦੀ ਬੋਲੀ ਲਈ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਬਠਿੰਡਾ ਦੇ ਕੰਨਸੀਚਿਊਟ ਕਾਲਜ ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ, ਰਾਜਪੁਰਾ ਵਿੱਚ ਇੱਕ ਕੰਟੀਨ ਕਿਰਾਏ ਉੱਤੇ ਦੇਣ ਲਈ ਖੁੱਲ੍ਹੀ ਬੋਲੀ ਮਿਤੀ 19.12.2024 ਦਿਨ ਵੀਰਵਾਰ ਨੂੰ ਨਿਸ਼ਚਿਤ ਕੀਤੀ ਜਾਂਦੀ ਹੈ।

**ਵੇਰਵਾ ਹੇਠ ਲਿਖੇ ਅਨੁਸਾਰ ਹੈ:-**

| ਲੜੀ ਨੰ. | ਵੇਰਵਾ | ਬੋਲੀ ਸਮੇਂ ਜਮਾਨਤੀ ਰਕਮ |
|---|---|---|
| 1 | ਕੰਟੀਨ | 5000/- |

ਚਾਹਵਾਲ ਸੱਜਣ ਜੋ ਬੋਲੀ ਵਿੱਚ ਭਾਗ ਲੈਣਾ ਚਾਹੁੰਦੇ ਹਨ ਨਿਸਚਿਤ ਮਿਤੀ ਨੂੰ ਸਵੇਰੇ 10-00 ਵਜੇ ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ, ਰਾਜਪੁਰਾ ਦੇ ਸੈਮੀਨਾਰ ਹਾਲ ਵਿੱਚ ਆਂ ਕੇ ਬੋਲੀ ਦੇ ਸਕਦੇ ਹਨ।

ਜਮਾਨਤੀ ਰਕਮ ਬਤੌਰ ਬਿਆਨਾ ਰਕਮ ਬੋਲੀ ਦੇਣ ਸਮੇ ਮੌਕੇ ਤੇ ਜਮ੍ਹਾਂ ਕਰਵਾਉਣੀ ਹੋਵੇਗੀ। ਜੇਕਰ ਕੋਈ ਵਿਅਕਤੀ ਕੰਟੀਨ ਵੇਖਣੀ ਚਾਹੁੰਦਾ ਹੈ ਤਾਂ ਉਹ ਕਿਸੇ ਕੰਮ ਵਾਲੇ ਦਿਨ ਆ ਕੇ ਵੇਖ ਸਕਦਾ ਹੈ।

ਨਿਮਨ ਹਸਤਾਖਰ ਕੋਲ ਬੋਲੀ ਸਵੀਕਾਰ/ ਅਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ। ਬਾਕੀ ਦੀਆਂ ਕੰਟੀਨ ਕਿਰਾਏ ਉੱਤੇ ਦੇਣ ਸਬੰਧੀ ਸ਼ਰਤਾਂ ਕਾਲਜ ਅਤੇ ਯੂਨੀਵਰਸਿਟੀ ਦੀ ਵੈੱਬਸਾਇਟ ਤੇ ਵੇਖੀਆ ਜਾ ਸਕਦੀਆ ਹਨ।

11/12/2024

ਡਾਇਰੈਕਟਰ

ਪੀ.ਆਈ.ਟੀ. ਰਾਜਪੁਰਾ।

**ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ, ਰਾਜਪੁਰਾ।**

**Ph. 01762-223223, 87250-72481**

**www.pitr.ac.in , www.mrsptu.ac.in and e-mail id: directorpitr@mrsptu.ac.in**

# PUNJAB INSTITUTE OF TECHNOLOGY

Near ITI Chowk, Rajpura.

(A Constituent College of Maharaja Ranjit Singh Punjab Technical University, Bathinda,
Established by Govt. of Punjab vide Punjab Act No. 5 of 2015 under section 2(F) of UGC Act)

Ref. No /PITR/2024/

Dated 11.12.2024

ਪੰਜਾਬ ਇੰਸਟੀਚਿਊਟ ਆਫ ਟੈਕਨਾਲੋਚਜੀ ਰਾਜਪੁਰਾ ਵਿਖੇ ਕੰਟੀਨ ਦੀ ਬੋਲੀ ਬਾਰੇ ਜਰੂਰੀ ਸ਼ਰਤਾਂ (ਬੋਲੀ ਮਿਤੀ 19.12.2024 ਦਿਨ ਵੀਰਵਾਰ)

1. ਹਰ ਬੋਲੀਕਾਰ ਮੌਕੇ ਤੇ ਬੋਲੀ ਦੇਣ ਤੋਂ ਪਹਿਲਾਂ ਰਕਮ 5,000 (ਪੰਜ ਹਜਾਰ) ਰੁਪਏ ਬਤੌਰ ਜਮਾਨਤੀ ਰਕਮ ਵਜੋਂ ਜਮ੍ਹਾਂ ਕਰਵਾਏਗਾ ਅਤੇ ਇਹ ਰਕਮ ਜਿਸ ਦੀ ਬੋਲੀ ਪ੍ਰਵਾਨ ਹੋਵੇਗੀ ਅਤੇ ਦੂਜੇ ਨੰਬਰ ਦੀ ਬੋਲੀ ਵਾਲੇ ਨੂੰ ਛੱਡ ਕੇ ਬਾਕੀਆਂ ਨੂੰ ਮਿਤੀ 19.12.2024 ਨੂੰ ਹੀ ਵਾਪਿਸ ਕਰ ਦਿੱਤੀ ਜਾਵੇਗੀ। ਸਭ ਤੋਂ ਵੱਧ ਬੋਲੀ ਦੇਣ ਵਾਲੇ ਨੂੰ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਲੈਣ ਉਪਰੰਤ ਕੰਟੀਨ ਅਲਾਟ ਕਰ ਦਿੱਤੀ ਜਾਵੇਗੀ। ਸਰਕਾਰੀ ਬੋਲੀ ਕੰਟੀਨ ਦੇ ਕਿਰਾਏ ਦੀ 1000 ਰੁਪਏ ਪ੍ਰਤੀ ਮਹੀਨਾ (ਜੀ.ਐਸ.ਟੀ. ਅੱਲਗ ਤੋਂ) ਨਿਸਚਿਤ ਕੀਤੀ ਗਈ ਹੈ। ਬੋਲੀ ਦੌਰਾਨ ਬੋਲੀਕਾਰ ਤੋਂ ਇਲਾਵਾ ਹੋਰ ਕੋਈ ਵੀ ਵਿਅਕਤੀ ਦੇ ਸ਼ਾਮਿਲ ਹੋਣ ਦੀ ਮਨਾਹੀ ਹੋਵੇਗੀ।
2. ਸਫਲ ਬੋਲੀਕਾਰ ਨੂੰ ਕੰਟੀਨ ਦੀ ਤਿੰਨ ਮਹੀਨੇ ਦੇ ਬਰਾਬਰ ਦੀ ਲਾਇਸੰਸ ਫੀਸ ਜਾਂ 5000 (ਪੰਜ ਹਜਾਰ) ਰੁਪਏ ਜੋ ਵੀ ਵੱਧ ਹੋਵੇ, ਬਤੌਰ ਸਕਿਊਰਟੀ, ਬੋਲੀ ਤੋਂ ਤਿੰਨ ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣੀ ਪਵੇਗੀ।
3. ਇਹ ਬੋਲੀ ਕੰਟੀਨ ਇੱਕ ਸਾਲ ਤੱਕ ਲਾਗੂ ਰਹੇਗੀ, ਜੇਕਰ ਪ੍ਰਬੰਧਕ ਕੰਟੀਨ ਚਲਾਉਣ ਦੀ ਕਾਰਗੁਜਾਰੀ ਤੋਂ ਪ੍ਰਭਾਵਿਤ ਹੋਵੇ ਤਾਂ ਲਾਇਸੰਸ ਫੀਸ ਤੇ ਸਕਿਊਰਟੀ ਦੂਜੇ ਸਾਲ ਲਈ 15% ਵਧਾ ਕੇ ਲਈ ਜਾਵੇਗੀ। ਦੋ ਸਾਲ ਦੀ ਮਿਆਦ ਪੂਰੀ ਹੋਣ ਉਪਰੰਤ ਲਾਇਸੰਸੀ ਦੀ ਮਿਆਦ ਵਿੱਚ ਵਾਧਾ ਇੱਕ-ਇੱਕ ਸਾਲ ਲਈ ਦੋ ਵਾਰੀ ਹੀ ਕੀਤਾ ਜਾਵੇਗਾ, ਪ੍ਰੰਤੂ ਲਾਇਸੰਸੀ ਫੀਸ ਤੇ ਸਕਿਊਰਟੀ ਮੌਜੂਦਾ ਰੇਟ ਦਾ 15 ਪ੍ਰਤੀਸ਼ਤ ਵਧਾ ਕੇ ਲਿਆ ਜਾਵੇਗਾ। ਕਿਸੇ ਵੀ ਹਾਲਤ ਵਿੱਚ ਕੰਟੀਨ ਤਿੰਨ ਸਾਲ ਤੋਂ ਵੱਧ ਸਮੇ ਲਈ ਨਹੀ ਦਿੱਤੀ ਜਾਵੇਗੀ।
4. ਬਿਜਲੀ ਬਿੱਲ ਲਾਇਸੰਸੀ ਖੁਦ ਅਦਾ ਕਰੇਗਾ। ਬਿਜਲੀ ਦਾ ਸਬ-ਮੀਟਰ ਲਾਇਸੰਸੀ ਖੁਦ ਕਾਲਜ ਦੇ ਇਲੈਕਟ੍ਰੀਸ਼ਨ ਤੋਂ ਚੈੱਕ ਕਰਵਾ ਕੇ ਸੀਲਡ ਅਤੇ ਸਰਟੀਫਿਕੇਟ ਸਮੇਤ ਜਮ੍ਹਾਂ ਕਰਵਾਏਗਾ। ਇਸ ਸਬੰਧੀ ਬਾਅਦ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।
5. ਲਾਇਸੰਸੀ ਵੱਲੋਂ ਬੋਲੀ ਤੋ ਇਕ ਹਫਤੇ ਦੇ ਅੰਦਰ-ਅੰਦਰ 100 (ਇੱਕ ਸੌ) ਰੁਪਏ ਦੇ ਅਸਟਾਮ ਤੇ ਲਾਇਸੰਸੀ ਫੀਸ ਅਤੇ ਹੋਰ ਸ਼ਰਤਾਂ ਬਾਰੇ ਇਸ ਦਫਤਰ ਨਾਲ ਇਕਰਾਰਨਾਮਾ ਕਰਨਾ ਹੋਵੇਗਾ, ਜਿਸਦਾ ਖਰਚਾ ਲਾਇਸੰਸੀ ਦਾ ਹੋਵੇਗਾ।
6. ਲਾਇਸੰਸੀ ਕੰਟੀਨ ਵਿਚ ਕਿਸੇ ਕਿਸਮ ਦਾ ਅਦਲਾ ਬਦਲੀ ਕਰਨ ਦਾ ਹੱਕਦਾਰ ਨਹੀ ਹੋਵੇਗਾ। ਅਜਿਹਾ ਕਰਨ ਦੀ ਸੂਰਤ ਵਿੱਚ ਉਸ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
7. ਪੀ.ਆਈ.ਟੀ. ਰਾਜਪੁਰਾ ਦੇ ਡਾਇਰੈਕਟਰ / ਸਮਰੱਥ ਅਧਿਕਾਰੀ ਦੇ ਨਾਮਜਦ ਅਧਿਕਾਰੀ ਨੂੰ ਕੰਟੀਨ ਵਿੱਚ ਦਾਖਲ ਹੋ ਕੇ ਨਿਰੀਖਣ ਕਰਨ ਦਾ ਪੂਰਾ ਪੂਰਾ ਹੱਕ ਹੋਵੇਗਾ ਅਤੇ ਨਿਰੀਖਣ ਰਿਪੋਰਟ ਸਮੱਰਥ ਅਧਿਕਾਰੀ ਨੂੰ 3 ਦਿਨਾਂ ਦੇ ਅੰਦਰ-ਅੰਦਰ ਸੌਂਪੀ ਜਾਵੇਗੀ। ਇਸ ਤੋਂ ਬਿਨ੍ਹਾਂ ਲਾਇਸੰਸੀ ਫੀਸ ਦੀਆਂ ਨਿਰਧਾਰਿਤ ਕਿਸੇ ਵੀ ਤਰ੍ਹਾਂ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ ਰਾਜਪੁਰਾ ਨੂੰ ਕੰਟੀਨ ਖਾਲ੍ਹੀ ਕਰਵਾਉਣ ਦਾ ਪੂਰਾ ਹੱਕ ਹੋਵੇਗਾ।
8. ਲਾਇਸੰਸੀ ਵੱਲੋ ਹਰ ਮਹੀਨੇ ਦੀ 10 ਤਾਰੀਖ ਤੱਕ ਅਡਵਾਂਸ ਲਾਇਸੰਸੀ ਫੀਸ ਲੇਖਾ ਸਾਖਾਂ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਉਣੀ ਹੋਵੇਗੀ। ਇਸ ਤੋਂ ਬਾਅਦ 20 ਰੁਪਏ ਪ੍ਰਤੀ ਦਿਨ ਜੁਰਮਾਨਾ ਵਸੂਲ ਕੀਤਾ ਜਾਵੇਗਾ। ਜੇਕਰ ਇੱਕ ਮਹੀਨੇ ਤੱਕ ਲਾਇਸੰਸੀ ਜੁਰਮਾਨੇ ਸਮੇਤ ਲਾਇਸੰਸੀ ਫੀਸ ਨਹੀ ਭਰਦਾ ਤਾਂ ਉਸ ਦੀ ਕੰਟੀਨ ਖਾਲੀ ਘੋਸ਼ਿਤ ਕਰਕੇ ਸਕਿਊਰਟੀ ਜਬਤ ਕਰ ਲਈ ਜਾਵੇਗੀ।

ਕਮੇਟੀ ਮੈਂਬਰ।

1 11/12/2024

2 11/12/24

3 11/12/24

4 Singh 11-12-24

5 Rupinder Singh 11/12/2024

9. ਸਫਲ ਬੋਲੀਦਾਤਾ ਬੋਲੀ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਕੰਟੀਨ ਲਾਜਮੀ ਚਾਲੂ ਕਰੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕੋਈ ਯਾਦ ਪੱਤਰ ਨਹੀ ਦਿੱਤਾ ਜਾਵੇਗਾ ਅਤੇ ਸਕਿਉਰਟੀ ਜਬਤ ਕਰ ਲਈ ਜਾਵੇਗੀ ਅਤੇ ਦੋ ਨੰਬਰ ਦੇ ਬੋਲੀਦਾਤਾ ਨੂੰ ਕੰਟੀਨ ਚਾਲੂ ਕਰਨ ਦਾ ਮੌਕਾ ਦੇ ਦਿੱਤਾ ਜਾਵੇਗਾ।

10. ਜੇਕਰ ਬਿਨਾ ਸੂਚਨਾ ਦੇ ਇੱਕ ਹਫਤੇ ਤੋਂ ਵੱਧ ਸਮਾਂ ਕੰਟੀਨ ਬੰਦ ਰੱਖੀ ਜਾਂਦੀ ਹੈ ਤਾਂ ਕੰਟੀਨ ਖਾਲ੍ਹੀ ਘੋਸ਼ਿਤ ਕਰਕੇ ਸਕਿਉਰਟੀ ਜਬਤ ਕਰ ਲਈ ਜਾਵੇਗੀ ਅਤੇ ਲਾਇਸੰਸੀ ਨੂੰ ਬਲੈਕ ਲਿਸਟ ਕਰਦਿਆ ਅੱਗੇ ਤੋਂ ਕੰਟੀਨ ਦੀ ਬੋਲੀ ਵਿੱਚ ਭਾਗ ਲੈਣ ਦੀ ਮਨਾਹੀ ਹੋਵੇਗੀ।

11. ਕੰਟੀਨ ਦਾ ਚਾਰਜ ਲੈਣ ਦਾ ਕੋਈ ਮਾਮਲਾ / ਝਗੜਾ ਹੋਵੇਗਾ ਤਾਂ ਉਸ ਵਿੱਚ ਪੀ.ਆਈ.ਟੀ. ਰਾਜਪੁਰਾ ਡਾਇਰੈਕਟਰ ਦਾ ਫੈਸਲਾ ਸਹੀ ਅਤੇ ਆਖਰੀ ਮੰਨਿਆ ਜਾਵੇਗਾ।

12. ਕੰਟੀਨ ਜਿਸ ਮੰਤਵ ਲਈ ਦਿੱਤੀ ਜਾਵੇਗੀ, ਉਸੇ ਮੰਤਵ ਲਈ ਹੀ ਵਰਤੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਅੱਗੇ ਸਬਲੈਟ ਨਹੀ ਕੀਤੀ ਜਾਵੇਗੀ। ਅਜਿਹੀ ਸੂਰਤ ਵਿੱਚ ਕੰਟੀਨ ਖਾਲੀ ਕਰਵਾ ਕੇ ਸਕਿਉਰਟੀ ਜਬਤ ਕਰ ਲਈ ਜਾਵੇਗੀ।

13. ਪੀ.ਆਈ.ਟੀ. ਰਾਜਪੁਰਾ ਦੇ ਡਾਇਰੈਕਟਰ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੇ ਬੋਲੀ ਪ੍ਰਵਾਨ / ਅਪ੍ਰਵਾਨ ਕਰਨ ਦਾ ਪੂਰਾ ਪੂਰਾ ਹੱਕ ਹੋਵੇਗੀ।

14. ਪੀ.ਆਈ.ਟੀ. ਰਾਜਪੁਰਾ ਦੇ ਡਾਇਰੈਕਟਰ ਵੱਲੋਂ ਕੰਟੀਨ ਖਾਲ੍ਹੀ ਕਰਵਾਉਣ ਲਈ ਦਿੱਤੇ ਨੋਟਿਸ ਅਨੁਸਾਰ ਜਾਂ ਇਸ ਦੇ ਸਮੇ ਦੀ ਮਿਆਦ ਖਤਮ ਹੋਣ ਉਪਰੰਤ ਅਗਰ ਲਾਇਸੰਸੀ ਕੰਟੀਨ ਖਾਲ੍ਹੀ ਨਹੀ ਕਰਦਾ ਤਾਂ ਉਸ ਨੂੰ ਲਾਇਸੰਸੀ ਫੀਸ ਦਾ 20 ਗੁਣਾ ਰਕਮ ਭਰਨੀ ਹੋਵੇਗੀ।

15. ਸਫਲ ਬੋਲੀਦਾਤਾ ਕੰਟੀਨ ਤੇ ਬੈਠਣ ਵਾਲੇ ਵਿਅਕਤੀ ਜਿਵੇ ਕਿ ਸੇਲਜ ਮੈਨ ਅਤੇ ਨੌਕਰ / ਸੁਪੋਰਟਿੰਗ ਸਟਾਫ ਆਦਿ ਦਾ ਪੂਰਾ ਵੇਰਵਾ ਫੋਟੋ ਸਮੇਤ ਦਫਤਰ ਨੂੰ ਪੇਸ਼ ਕਰੇਗਾ। ਬਾਲ ਮਜ਼ਦੂਰੀ ਐਕਟ 1986 ਦੀਆਂ ਸਾਰੀਆਂ ਸ਼ਰਤਾਂ ਲਾਗੂ ਹੋਣਗੀਆ।

16. ਪੀ.ਆਈ.ਟੀ. ਰਾਜਪੁਰਾ ਦੇ ਡਾਇਰੈਕਟਰ ਵੱਲੋਂ ਲਾਇਸੰਸੀ ਫੀਸ ਬਾਰੇ ਲਿਆ ਗਿਆ ਫੈਸਲਾ ਲਾਇਸੰਸੀ ਤੇ ਅੰਤਿਮ ਤੌਰ ਤੇ ਲਾਗੂ ਰਹੇਗਾ।

17. ਵਿਦਿਆਰਥੀਆਂ ਨੂੰ ਕਾਊਟਰ ਤੇ ਬੈਠਣ ਦੀ ਆਗਿਆ ਨਹੀ ਹੋਵੇਗੀ ਅਤੇ ਇਸੇ ਤਰ੍ਹਾਂ ਕਿਸੇ ਬਾਹਰਲੇ ਵਿਅਕਤੀ ਨੂੰ ਵੀ ਕੰਟੀਨ ਤੇ ਬੈਠਣ ਦੀ ਮਨਾਹੀ ਹੋਵੇਗੀ ਅਤੇ ਇਸ ਦੀ ਉਲੰਘਣਾ ਹੋਣ ਦੀ ਸੂਰਤ ਵਿੱਚ ਲਾਇਸੰਸੀ ਖੁਦ ਜਿੰਮੇਵਾਰ ਹੋਵੇਗਾ। ਅਜਿਹੀ ਸ਼ਿਕਾਇਤ ਦੀ ਸੂਰਤ ਵਿੱਚ ਪੀ.ਆਈ.ਟੀ. ਰਾਜਪੁਰਾ ਦੇ ਡਾਇਰੈਕਟਰ ਵੱਲੋਂ ਕੀਤੀ ਗਈ ਕਾਰਵਾਈ / ਫੈਸਲਾ ਲਾਇਸੰਸੀ ਤੇ ਲਾਗੂ ਹੋਵੇਗਾ।

18. ਵਿਦਿਆਰਥੀਆਂ ਅਤੇ ਸਟਾਫ ਨਾਲ ਲੈਣ ਦੇਣ ਦੇ ਜਾਂ ਉਧਾਰ ਆਦਿ ਦੇ ਕਿਸੇ ਵੀ ਮਾਮਲੇ ਵਿੱਚ ਪੀ.ਆਈ.ਟੀ. ਰਾਜਪੁਰਾ ਦੇ ਡਾਇਰੈਕਟਰ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ। ਕਿਸੇ ਵੀ ਤਰ੍ਹਾਂ ਵਿਦਿਆਰਥੀ ਜਾਂ ਸਟਾਫ ਦੀ NOC ਵਾਸਤੇ ਕੋਈ ਵੀ ਪ੍ਰਤੀ ਬੇਨਤੀ ਨਹੀ ਵਿਚਾਰੀ ਜਾਵੇਗੀ।

19. ਪੀ.ਆਈ.ਟੀ. ਰਾਜਪੁਰਾ ਵੱਲੋਂ ਜੋ ਬੋਲੀਦਾਤਾ ਵੱਲੋਂ ਸਕਿਉਰਟੀ ਦੀ ਜੋ ਰਕਮ ਜਮ੍ਹਾਂ ਕਰਵਾਈ ਜਾਵੇਗੀ, ਉਸ ਉਪਰ ਕੋਈ ਵਿਆਜ ਨਹੀ ਦਿੱਤਾ ਜਾਵੇਗਾ।

20. ਸਫਲ ਬੋਲੀਦਾਤਾ ਜੇਕਰ ਕਿਸੇ ਸਮੇ ਵੀ ਕਿਸੀ ਕਿਸਮ ਦਾ ਨਸ਼ਾ ਕਰਦਾ ਹੈ ਜਾਂ ਨਸ਼ਾ ਕਰਨ ਲਈ ਪ੍ਰੇਰਿਤ ਕਰਦਾ ਹੈ ਜਾਂ ਉਸ ਦੀ ਕੰਟੀਨ ਤੇ ਹੋਰ ਨਸ਼ਾ ਕਰਦਾ ਹੈ ਤਾਂ ਉਸ ਦੀ ਕੰਟੀਨ ਦੀ ਅਲਾਟਮੈਂਟ ਤੁਰੰਤ ਰੱਦ ਕਰ ਦਿੱਤੀ ਜਾਵੇਗੀ।

21. ਇਹ ਜਰੂਰੀ ਹੈ ਕਿ ਸਫਲ ਬੋਲੀਦਾਤਾ ਦਾ ਵਿਵਹਾਰ ਪੀ.ਆਈ.ਟੀ. ਰਾਜਪੁਰਾ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਪ੍ਰਤੀ ਚੰਗਾ ਹੋਵੇ ਅਤੇ ਗਲਤ ਵਿਵਹਾਰ ਬਾਰੇ ਸ਼ਿਕਾਇਤ ਦੀ ਸੂਰਤ ਵਿੱਚ ਪੀ.ਆਈ.ਟੀ. ਰਾਜਪੁਰਾ ਦੇ ਡਾਇਰੈਕਟਰ ਕੋਲ ਅਧਿਕਾਰ ਹੋਵੇਗਾ ਕਿ ਉਹ ਤੁਰੰਤ ਉਸ ਦੀ ਕੰਟੀਨ ਦੀ ਅਲਾਟਮੈਂਟ ਰੱਦ ਕਰਕੇ ਖਾਲ੍ਹੀ ਕਰਵਾ ਸਕਦਾ ਹੈ।

22. ਸਫਲ ਬੋਲੀਦਾਤਾ ਆਪਣੇ ਚਾਲ-ਚੱਲਣ ਸਬੰਧੀ ਸਰਪੰਚ ਜਾਂ ਮਿਊਸਪਲ ਕਮਿਸ਼ਨਰ (ਐਮ.ਸੀ.) ਤੋਂ ਤਸਦੀਕ ਕਰਵਾ ਕੇ ਇਹ ਸਰਟੀਫਿਕੇਟ ਪੀ.ਆਈ.ਟੀ. ਰਾਜਪੁਰਾ ਨੂੰ ਕੰਟੀਨ ਲੈਣ ਤੋਂ ਤੁਰੰਤ ਬਾਅਦ ਪੇਸ਼ ਕਰੇਗਾ। ਉਪਰੋਕਤ ਸਾਰੀਆਂ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਪੀ.ਆਈ.ਟੀ. ਰਾਜਪੁਰਾ ਦੇ ਅਧਿਕਾਰੀਆਂ ਵੱਲੋਂ ਕੀਤੀ ਕਾਰਵਾਈ ਅਤੇ ਫੈਸਲਾ ਲਾਇਸੰਸੀ ਤੇ ਤੁਰੰਤ ਲਾਗੂ ਹੋਵੇਗਾ। ਆਧਾਰ ਕਾਰਡ ਦੀ ਤਸਦੀਕਸ਼ੁਦਾ ਕਾਪੀ ਪੀ.ਆਈ.ਟੀ. ਰਾਜਪੁਰਾ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਏਗਾ।

23. ਕੰਟੀਨ ਉਪਰ ਵੇਚਣ ਲਈ ਪ੍ਰਵਾਨਿਤ ਸਾਮਾਨ ਹੀ ਆਪ ਵੱਲੋਂ ਕਾਲਜ ਦੇ ਨਿਰਧਾਰਿਤ ਕੀਤੇ ਗਏ ਰੇਟਾਂ ਉਪਰ ਹੀ ਵੇਚਣਾ ਪੌਵੇਗਾ। ਜੇਕਰ ਕੋਈ ਨਿਰਧਾਰਿਤ ਕੀਤੇ ਰੇਟਾਂ ਤੋਂ ਜਿਆਦਾ ਰੇਟ ਤੇ ਸਮਾਨ ਵੇਚਦਾ ਪਾਇਆ ਜਾਂਦਾ ਹੈ ਉਸ ਸਬੰਧਤ ਕੰਟੀਨ ਦਾ ਲਾਇਸੰਸ ਰੱਦ

ਕਮੇਟੀ ਮੈਂਬਰ

1 [signature] 11/12/2024 2 [signature] 11/12/24 3 [signature] 11/12/24

4 [signature] 11-12-24 5. Rupinder Singh 11/12/24

ਕਰ ਦਿੱਤਾ ਜਾਵੇਗਾ। ਆਪ ਵੱਲੋ ਕਾਲਜ ਦੇ ਨਿਰਧਾਰਿਤ ਕੀਤੇ ਰੇਟਾਂ ਦੀ ਲਿਸਟ ਵੀ ਕੰਟੀਨ ਦੇ ਬਾਹਰ ਪ੍ਰਕਾਸ਼ਿਤ ਕਰਨੀ ਲਾਜ਼ਮੀ ਹੋਵੇਗੀ।

24. ਕਮੇਟੀ ਵੱਲੋਂ ਇਹ ਵੀ ਪ੍ਰਵਾਨ ਕੀਤਾ ਗਿਆ ਹੈ ਕਿ ਵਿਦਿਆਰਥੀਆਂ ਅਤੇ ਸਟਾਫ ਦੀ ਜਰੂਰਤ ਨੂੰ ਦੇਖਦੇ ਹੋਏ ਬੋਲੀਕਾਰ ਨੂੰ ਸ਼ਟੇਸ਼ਨਰੀ ਦਾ ਸਮਾਨ ਵੀ ਵੇਚਣ ਦੀ ਖੁੱਲ੍ਹ ਹੋਵੇਗੀ, ਜਿੰਨ੍ਹੀ ਦੇਰ ਤੱਕ ਕੋਈ ਹੋਰ ਸਟੇਸ਼ਨਰੀ ਦੀ ਦੁਕਾਨ ਨਹੀ ਖੋਲ੍ਹੀ ਜਾਂਦੀ। (ਇਸ ਵਿੱਚ ਕਿਤਾਬਾਂ ਦੀ ਵਿਕਰੀ ਸ਼ਾਮਿਲ ਨਹੀ ਹੋਵੇਗੀ)।

25. ਕਮੇਟੀ ਵੱਲੋਂ ਇਹ ਵੀ ਪ੍ਰਵਾਨ ਕੀਤਾ ਗਿਆ ਹੈ ਕਿ ਲਾਇਸੰਸੀ ਖਾਣ ਪੀਣ ਦੀਆਂ ਹੋਰ ਵਸਤਾਂ ਜਿਵੇ ਕਿ ਛੋਲੇ-ਭਟੂਰੇ / ਦੁਪਹਿਰ ਦਾ ਖਾਣਾ ਵੀ ਦੇ ਸਕੇਗਾ ਅਤੇ ਇਹ ਰੇਟ ਬਜਾਰ ਦੇ ਰੇਟ ਤੋਂ ਵੱਧ ਨਹੀ ਹੋਣਗੇ ਅਤੇ ਡਾਇਰੈਕਟਰ ਪੀ.ਆਈ.ਟੀ. ਰਾਜਪੁਰਾ ਵੱਲੋਂ ਪ੍ਰਵਾਨਿਤ ਹੋਣਗੇ।

26. ਵੇਚਣ ਵਾਲੀਆਂ ਸਾਰੀਆਂ ਆਇਟਮਾਂ ਦੀ ਰੇਟ ਲਿਸਟ ਪ੍ਰਵਾਨਗੀ ਉਪਰੰਤ ਕੰਟੀਨ ਉੱਪਰ ਲਗਾਈ ਜਾਵੇਗੀ।

27. ਸਾਫ ਸਫਾਈ ਅਤੇ ਤੰਦਰੁਸਤ ਪੰਜਾਬ ਪ੍ਰਜੈਕਟ ਸਬੰਧੀ ਸਾਰੀਆਂ ਸ਼ਰਤਾਂ ਲਾਗੂ ਹੋਣਗੀਆਂ।

28. ਆਲੇ-ਦੁਆਲੇ ਦੀ ਸਫਾਈ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।

29. ਸਮੇਂ-ਸਮੇਂ ਸਿਰ ਪੰਜਾਬ ਸਰਕਾਰ ਜਾਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਬਠਿੰਡਾ ਵੱਲੋਂ ਜਾਰੀ ਹਦਾਇਤਾਂ ਲਾਗੂ ਹੋਣਗੀਆਂ।

30. ਅਗਰ ਸਮਰਥ ਅਧਿਕਾਰੀ ਇਸ ਸਬੰਧੀ ਸੰਤੁਸ਼ਟ ਹੋਵੇ ਕਿ ਕੰਟੀਨ ਨੂੰ ਮੌਜੂਦਾਂ ਹਾਲਾਤਾ ਵਿੱਚ ਚਲਾਉਣਾ ਸੰਸਥਾ ਜਾਂ ਵਿਦਿਆਰਥੀਆਂ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਭਾਵਿਤ ਕਰਦਾ ਹੈ ਤਾਂ ਬਿਨ੍ਹਾਂ ਕਿਸੇ ਕਾਰਨ ਦੱਸੇ ਸਮਰੱਥ ਅਧਿਕਾਰੀ ਕੰਟੀਨ ਖਾਲੀ ਕਰਵਾਉਣ ਦਾ ਹੱਕਦਾਰ ਹੋਵੇਗਾ।

31. ਲਾਇਸੰਸੀ ਹੀ ਕੰਟੀਨ ਤੇ ਖੁੱਦ ਬੈਠ ਕੇ ਕੰਟੀਨ ਚਲਾਵੇਗਾ।

32. ਕੰਟੀਨ ਲਈ ਵਰਤਿਆ ਜਾਣ ਵਾਲਾ ਹਰ ਕਿਸਮ ਦਾ ਫਰਨੀਚਰ/ਕੁਰਸੀਆਂ/ਮੇਜ਼/ਬਰਤਨ ਆਦਿ ਦਾ ਸਾਰਾ ਸਮਾਨ ਠੇਕੇਦਾਰ ਦਾ ਹੋਵੇਗਾ।

ਕਮੇਟੀ ਮੈਂਬਰ:-

1............ 11/12/2024

ਡਾ. ਗੁਰਪ੍ਰੀਤ ਸਿੰਘ, ਪ੍ਰੋਫੈਸਰ & ਡਾਇਰੈਕਟਰ

ਪੀ.ਆਈ.ਟੀ. ਰਾਜਪੁਰਾ।

2............ 11/12/24

ਡਾ. ਮੁਕੇਸ਼ ਗਰੋਵਰ, ਸਹਾਇਕ ਪ੍ਰੋਫੈਸਰ

ਪੀ.ਆਈ.ਟੀ. ਰਾਜਪੁਰਾ।

3............ 11/12/24

ਸ੍ਰੀ ਯਾਕੂਬ ਸਹਿਜਪਾਲ, ਸਹਾਇਕ ਪ੍ਰੋਫੈਸਰ (CS)

ਪੀ.ਆਈ.ਟੀ. ਰਾਜਪੁਰਾ।

4............ Singh 11-12-24

ਸ੍ਰੀ ਜਸਵੀਰ ਸਿੰਘ, ਤਕਨੀਸ਼ੀਅਨ ਗਰੇਡ-II (S&P)

ਪੀ.ਆਈ.ਟੀ. ਰਾਜਪੁਰਾ।

5............ Rupinder Singh 11/12/24

ਸ੍ਰੀ ਰੁਪਿੰਦਰ ਸਿੰਘ, ਜੂਨੀਅਰ ਸਹਾਇਕ (ਲੇਖਾ)

ਪੀ.ਆਈ.ਟੀ. ਰਾਜਪੁਰਾ।